# साहित्य के विविध विमर्श

उच्चतर शिक्षा निदेशालय, पंचकूला, हरियाणा से अनुमोदित एवं
गुरु नानक गर्ल्ज कॉलेज यमुनानगर हरियाणा द्वारा आयोजित
एक दिवसीय बहुविषयक राष्ट्रीय संगोष्ठी में प्रस्तुत शोध पत्र

संपादक

**डॉ. गीतू खन्ना**

संपादक मण्डल

डॉ. शक्ति, डॉ. अंजू, संदीप कौर
डॉ. लक्ष्मी गुप्ता, डॉ. अमनदीप कौर



# अनुक्रम


*शुभ सन्देश* ........ *6*
*शुभ सन्देश* ........ *7*
*शुभ सन्देश* ........ *8*
*शुभ सन्देश* ........ *9*
*संपादकीय* ........ *11*

1. समकालीन महिला कथा सहित्य में नारी विमर्श ........ 17
**डॉ. नीना मेहता**
2. हिंदी उपन्यासों में वेश्यावृत्ति विमर्श ........ 28
**डॉ. नरेश कुमार सिहाग**
3. प्रवासियों का प्रवास एक नज़र ........ 37
**डॉ. रेखा.जी**
4. साहित्य में नारी विमर्श ........ 41
**डॉ. आर.एन. शीला**
5. साहित्य में नारी विमर्श ........ 47
**डॉ. जी शकीला**
6. साहित्य में सूफ़ी काव्य विमर्श : वारसी सम्प्रदाय के आलोक में.... 51
**डॉ. दरख्शाँ बानो**
7. समकालीन हिन्दी उपन्यासों में आदिवासी विमर्श ........ 58
**दिव्या रानी**
8. संस्कृत साहित्य में पर्यावरण विमर्श........ 64
**डॉ. पुष्पा शर्मा**
9. साहित्य में आदिवासी विमर्श : झारखंड के संदर्भ में........ 75
**तरुण कांति खलखो**
10. हिंदी साहित्य में नारी विमर्श........ 81
**मिथिला पी नायर**

11. साहित्य और राजनीति ........................................ 88
**नितिन सुभाषराव कुंभकर्ण**

12. Role of communication shaping the Indian literature ............ 93
**Dr Gunjan Sharma**

13. साहित्य और बाल विमर्श ........................................ 98
**डॉ वन्दना गुप्ता**

14. साहित्य में स्त्री विमर्श ........................................ 104
**साईमीरा जोशी**

15. साहित्य में बाल विमर्श ........................................ 108
**अमित कुमार**

16. डॉ॰ शांतिस्वरूप कुसुम के काव्य में पौराणिक कथाओं में नारी और समाज ........................................ 113
**रवि कुमार**

17. Yog in Indian Literature ........................................ 118
**Dr Meenakshi Gupta**

18. साहित्य में सांस्कृतिक पक्ष ........................................ 123
**डॉ. गीतू खन्ना**

19. हिन्दी साहित्य में पर्यावरण विमर्श ........................................ 130
**डॉ. शक्ति बुद्धिराजा**

20. हिन्दी साहित्य और बाल विमर्श ........................................ 136
**डॉ. अंजु बाला**

21. हिन्दी साहित्य पर राजनीति का प्रभाव ........................................ 145
**संदीप कौर**

22. ग्रामीण संदर्भ एवं स्वातंत्र्योत्तर हिन्दी उपन्यास ........................................ 152
**डॉ. लक्ष्मी गुप्ता**

23. हिन्दी साहित्य में बाजारवाद ........................................ 160
**डॉ. अमनदीप कौर**

24. हिंदी साहित्य में बाल कथा विमर्श ........................................ 166
**मिस दीपमाला**

25. भारतीय संस्कृति एवं सभ्यता का वर्तमान स्वरूप और इसका महत्त्व ...... 173
**मोनिका चोपड़ा**

26. वर्तमान युग में बोध एवं आचरण में सामंजस्य जैन-आदिपुराण के संदर्भ में ........................................ 177

डॉ. अनुभा जैन

27. श्री रामचरित मानस -सामासिक संस्कृति का अनुपम संवाहक ...... 181
महेन्द्र प्रताप सिंह

28. साहित्य या सिनेमा ........ 187
डॉ. ललिता शर्मा

29. Dalit Discourse In Literature Through The Selected ........ 191
Novels ........ 196
**Saloni**

30. प्रेमचंद की कहानियों में वृद्ध-विमर्श........ 201
डॉ. सुनीता देवी

31. दलित कविता का प्रतिवादी स्वर........ 207
डॉ. प्रिया ए.

32. हिंदी सिनेमा का बदलता स्वरूप........ 214
डॉ. सुरैया खान

33. साहित्य में पर्यावरण विमर्श........ 224
डॉ. अमिता रेढू

34. ਬਲਿਹਾਰੀ ਕੁਦਰਤਿ ਵਸਿਆ बलिहारी कुदरत वसिआ ........
ਡਾ. ਸੁਖਵਿੰਦਰ ਕੌਰ डॉ. सुखविंदर कौर

# ਬਲਿਹਾਰੀ ਕੁਦਰਤਿ ਵਸਿਆ ।।

ਡਾ. ਸੁਖਵਿੰਦਰ ਕੌਰ ਕੰਵਲ
ਅਸਿਸਟੈਂਟ ਪ੍ਰੋਫੈਸਰ
ਪੰਜਾਬੀ ਵਿਭਾਗ
ਗੁਰੂ ਨਾਨਕ ਗਰਲਜ ਕਾਲਜ,
ਯਮੁਨਾਨਗਰ ।

## 1. ਪਵਨ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ ।।

ਸ੍ਰੀ ਗੁਰੂ ਨਾਨਕ ਦੇਵ ਜੀ

ਭਾਰਤ ਵਿਚ ਵਿਕਾਸ ਸ਼ਬਦ ਦੀ ਥਾਂ 'ਉਨੱਤੀ' ਸ਼ਬਦ ਸਾਡੇ ਗ੍ਰੰਥਾਂ ਵਿਚ ਮਿਲਦਾ ਹੈ ਤੇ ਇਹ ਉਨੱਤੀ ਭੌਤਿਕ ਨਹੀਂ, ਉਸ ਵਿਚ ਮਨੁੱਖ ਦੀ ਚੇਤਨਾ ਦੇ ਵਿਸਥਾਰ ਨੂੰ ਜਿਆਦਾ ਅਹਿਮ ਮੰਨਿਆ ਗਿਆ ਹੈ । ਮਨੁੱਖ ਪੂਰੇ ਜੀਵ ਜਗਤ ਨਾਲ ਸੰਬੰਧ ਸਥਾਪਿਤ ਕਰਦਾ ਹੈ । ਉਹ ਜੜ੍ਹ ਅਤੇ ਚੇਤਨ ਰੂਪੀ ਇਸ ਕੁਦਰਤ ਵਿਚ ਉਹ 'ਬਲਿਹਾਰੀ' ਵਸਦਾ ਹੈ । ਇਹ ਮਨੁੱਖ ਨੂੰ ਅਤੇ ਉਸ ਦੀ ਚੇਤਨਾ ਨੂੰ ਵਿਰਾਟ ਬਣਾਉਂਦਾ ਹੈ । ਉਹ ਇਸ ਤਰ੍ਹਾਂ ਸਮੁੱਚੀ ਕਾਇਨਾਤ ਨਾਲ ਜੁੜਦਾ ਹੈ, ਉਸ ਨਾਲ ਇਕਮਿਕ ਹੁੰਦਾ ਹੈ ਅਤੇ ਇਸ ਤਰ੍ਹਾਂ ਉਹ ਸਾਰੀ ਕਾਇਨਾਤ ਵਿਚ ਵੱਸਦੇ ਰੱਬ ਨਾਲ ਇਕ ਰੂਪ ਹੋ ਜਾਂਦਾ ਹੈ ।

**''ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤ ਨ ਜਾਈ ਲਖਿਆ ।।**

ਆਦਿ ਗ੍ਰੰਥ (ਪੰਨਾ 468)

ਪਰ ਅਜ ਮਨੁੱਖੀ ਪ੍ਰਗਤੀ ਦੀ ਅਵਧਾਰਨਾ ਬੜੀ ਛੋਟੀ ਹੋ ਗਈ ਹੈ । ਪ੍ਰਗਤੀ ਜਾਂ ਵਿਕਾਸ ਮਸ਼ੀਨੀਕਰਨ ਦਾ ਗੁਲਾਮ ਬਣ ਕੇ ਰਹਿ ਗਿਆ । ਉਤਪਾਦਨ ਵਿਚ ਵਾਧਾ, ਲਾਭ ਵਿਚ ਵਾਧਾ - ਪਰ ਸਾਰਾ ਵਾਧਾ ਕਿਵੇਂ ਹੋਇਆ? ਕੁਦਰਤ ਦੇ ਕਿਹੜੇ ਕਿਹੜੇ ਰੂਪ ਨਾਲ ਅਨਿਆ ਕਰਕੇ ਹੋਇਆ? ਇਹ ਸੋਚਣ ਦੀ ਸਾਨੂੰ ਫੁਰਸਤ ਹੀ ਨਹੀਂ । ਸਾਡੀਆਂ ਤ੍ਰਿਸ਼ਨਾਵਾਂ ਦਾ ਕੋਈ ਦੀ ਅੰਤ ਨਹੀਂ । ਇਕ ਅੰਨੀ ਦੌੜ - ਤੇ [illegible]

ਭੱਜਦੇ ਹੀ ਜਾ ਰਹੇ ਹਾਂ । ਤੇ ਨਤੀਜਤਨ ਕੁਦਰਤ ਅਤੇ ਦੂਜੇ ਜੀਵਾਂ ਤੋਂ ਟੁੱਟਦੇ ਜਾ ਰਹੇ ਹਾਂ ਤੇ ਇਸ ਮਰਿਆਦਾਹੀਨ ਮਸ਼ੀਨੀ ਜ਼ਿੰਦਗੀ ਨੇ ਇਕ ਸੰਵੇਦਨਹੀਣਤਾ ਪੈਦਾ ਕੀਤੀ ਹੈ । ਧਰਮ ਕਹਿੰਦਾ ਹੈ ਕਿ ਮਨੁੱਖ ਅਤੇ ਕੁਦਰਤ ਦੀ ਹਰ ਚੀਜ਼ ਵਿਚ ਇਕ ਅੰਦਰੂਨੀ ਰਿਸ਼ਤਾ ਹੈ । ਪਰ ਇਸ ਰਿਸ਼ਤੇ ਨੂੰ ਮਨੁੱਖ ਨੇ ਵਿਸਾਰ ਦਿੱਤਾ ਹੈ । ਦੂਜੇ ਜੀਵਾਂ ਦੀ ਹੋਂਦ ਨੂੰ ਸਮਾਪਤ ਕਰਕੇ ਸਹੇੜਿਆ ਗਿਆ ਵਿਕਾਸ ਹਿੰਸਕ ਹੈ । ਹੁਣ ਅਸੀਂ ਕੁਦਰਤ ਤੇ ਵਾਤਾਵਰਣ ਦੀ ਚਿੰਤਾ ਕਰ ਰਹੇ ਹਾਂ । ਕਿਉਂ? ਇਥੇ ਵੀ ਸਾਡਾ ਸਵਾਰਥ ਹੈ। ਅੱਜ ਪਾਣੀ ਖ਼ਤਮ ਹੋਣ ਦੀ ਚਿੰਤਾ ਹੈ, ਆਪਣੀ ਸਿਹਤ ਦੀ ਚਿੰਤਾ ਹੈ। ਆਪਣੇ ਭੋਗ ਨੂੰ ਬਣਾਈ ਰੱਖਣ ਦੀ ਚਿੰਤਾ ਹੈ ਤੇ ਹੁਣ ਅਸੀਂ ਇਸੇ ਕਰਕੇ ਵਾਤਾਵਰਣ ਦੀ ਚਿੰਤਾ ਕਰ ਰਹੇ ਹਾਂ, ਆਪਣੀ ਹੋਂਦ ਲਈ, ਆਪਣੇ ਅਸਤਿਤਵ ਲਈ ।

ਸਾਡੇ ਧਰਮਾਂ ਵਿਚ ਨਦੀਆਂ ਨੂੰ ਸਤਿਕਾਰ ਦੇਣ ਦੀ ਵਿਰਾਸਤ ਹੈ । ਪਾਣੀ ਦੀ ਸਾਂਭ ਸੰਭਾਲ, ਤਲਾਬਾਂ, ਸਰੋਵਰਾਂ ਤੇ ਨਦੀਆਂ ਦੇ ਮਹੱਤਵ, ਉਹਨਾਂ ਨੂੰ ਪਵਿੱਤਰ ਰੱਖਣ ਦੀ ਗੱਲਬਾਤ ਅਨੇਕਾਂ ਪੁਰਾਣਾਂ ਵਿਚ ਪਾਈ ਜਾਂਦੀ ਹੈ । ਪਰ ਅਸੀਂ ਤਾਂ ਆਪਣੇ ਪੁਰਾਣਾਂ ਅਤੇ ਧਰਮ ਗ੍ਰੰਥਾਂ ਨੂੰ ਸਿਰਫ਼ ਧੂਫ਼ ਧੁਖਾਉਣ ਵਾਸਤੇ ਰੱਖਿਆ ਹੈ । ਇਨ੍ਹਾਂ ਗ੍ਰੰਥਾਂ ਵਿਚ ਜ਼ਿਕਰ ਹੈ ਕਿ ਜਿਹੜਾ ਮਨੁੱਖ ਇਕ ਦਿਨ ਵੀ ਧਰਤੀ ਉਤੇ ਮੀਂਹ ਦੇ ਪਾਣੀ ਨੂੰ ਬਚਾਉਂਦਾ ਹੈ, ਉਹ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਪਹਿਲੀ ਬਾਣੀ 'ਜਪੁ' ਵਿਚ ਗੁਰੂ ਨਾਨਕ ਸਾਹਿਬ ਜੀ ਫਰਮਾਉਂਦੇ ਹਨ -

**2. ਪਵਨ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ ।।**

ਆਦਿ ਗ੍ਰੰਥ (ਪੰਨਾ [illegible])

ਪਰ ਕੀ ਅਸੀਂ ਕਦੀ ਇਹਨਾਂ ਸ਼ਬਦਾਂ ਤੇ ਵਿਚਾਰ ਵੀ ਕੀਤੀ ਹੈ? ਇਸ ਸਲੋਕ ਵਿਚਲੇ ਤਿੰਨ ਅੱਖਰ ਹਵਾ, ਪਾਣੀ ਅਤੇ ਧਰਤੀ ਕੋਲ ਹੀ ਇਸ ਸੰਸਾਰ ਨੂੰ ਚਲਾਇਮਾਨਤਾ ਪ੍ਰਦਾਨ ਕਰਨ ਦੀ ਸ਼ਕਤੀ ਹੈ । ਜਦੋਂ ਦਾ ਇਹ ਸੰਸਾਰ ਹੋਂਦ ਵਿਚ ਆਇਆ ਹੈ, ਇਹਨਾਂ ਤਾਕਤਾਂ ਦੀ ਹੋਂਦ ਵੀ ਨਾਲ ਹੀ ਆਈ ਹੈ। 'ਪਵਨ' ਗੁਰੂ ਹੈ, ਪਾਣੀ ਬਿਨਾਂ ਜੀਵਨ ਵਿਅਰਥ ਹੈ । ਇਹ ਸੰਸਾਰ ਤਿੰਨ ਹਿੱਸੇ ਪਾਣੀ ਹੈ ਅਤੇ ਇਕ ਹਿੱਸਾ ਧਰਤੀ ਪਾਣੀ ਰਾਹੀਂ ਹਰਿਆਵਲ, ਖੁਰਾਕ ਆਦਿ ਪੈਦਾ ਹੁੰਦਾ ਹੈ । ਇਸ ਨੂੰ ਪਿਤਾ ਦਾ ਦਰਜਾ ਦਿੱਤਾ ਗਿਆ ਹੈ ਤੇ ਇਸ ਦੇ ਨਾਲ ਹੀ ਧਰਤੀ ਦੀ ਹੋਂਦ, ਜੋ ਬਿਨਾਂ ਭੇਦ ਭਾਵ ਤੋਂ ਸਭ ਦੀਆਂ ਲੋੜਾਂ ਪੂਰੀਆਂ ਕਰਦੀ ਹੈ । ਇਹ ਮਾਂ ਹੈ ।

ਪਰ ਮਨੁੱਖ ਆਪਣੇ ਸੁਖ ਲਈ ਇਹਨਾਂ ਕੁਦਰਤੀ ਸਾਧਨਾਂ ਦਾ ਦੁਰਉਪਯੋਗ ਕਰ ਰਿਹਾ ਹੈ । ਐਟਮੀ ਪ੍ਰਯੋਗਾਂ, ਅੰਧਾਧੁੰਦ ਗੱਡੀਆਂ ਦਾ ਪ੍ਰਯੋਗ, ਤਿਉਹਾਰਾਂ ਤੇ ਅੰਧਾਧੁੰਦ ਪਟਾਕਿਆਂ ਦਾ ਪ੍ਰਦੂਸ਼ਣ, ਪਲਾਸਟਿਕ ਦਾ ਪ੍ਰਯੋਗ ਆਦਿ ਵਾਤਾਵਰਣ ਨੂੰ ਦੂਸ਼ਿਤ ਕਰ ਰਹੇ ਹਨ । ਇਕਨਾਮਿਕਸ ਪੜਨ ਵਾਲੇ ਜਾਣਦੇ ਕਿ Malthus ਦਾ ਇਕ ਸਿਧਾਂਤ ਹੈ- 'Positive Checks of Malthus' ਇਹ ਸਿਧਾਂਤ ਕਹਿੰਦਾ ਹੈ ਕਿ ਜਦੋਂ ਜਦੋਂ ਆਬਾਦੀ ਵਧਣ ਨਾਲ ਕੁਦਰਤ ਦੇ ਕੰਮਾਂ ਵਿਚ ਰੁਕਾਵਟ ਆਉਂਦੀ ਹੈ, ਉਦੋਂ ਉਦੋਂ ਹੀ ਕੁਦਰਤ ਆਪਣੀ ਕਰੋਪੀ ਪ੍ਰਗਟ ਕਰਕੇ ਆਬਾਦੀ ਵਿਚ ਇਕ ਸੰਤੁਲਨ ਲੈ ਆਉਂਦੀ ਹੈ - ਜਿਵੇਂ ਕਿਸੇ ਬੀਮਾਰੀ ਦਾ ਫੈਲ ਜਾਣਾ ਜਾਂ ਤੂਫਾਨਾਂ, ਭੂਚਾਲਾਂ ਦਾ ਆਉਣਾ ਆਦਿ ਤੇ ਕੁਦਰਤ ਦੇ ਇਸ ਸੰਤੁਲਨ ਦਾ ਆਧਾਰ ਪਵਨ, ਪਾਣੀ ਤੇ ਧਰਤੀ ਹੀ ਹਨ । ਮੀਂਹ ਜਾ ਤੂਫਾਨ ਆਉਣ ਤੋਂ ਪਹਿਲਾਂ ਹਵਾ ਵੀ ਚੇਤਾਵਨੀ ਮਿਲ ਜਾਂਦੀ ਹੈ । ਇਸੇ ਤਰ੍ਹਾਂ ਧਰਤੀ ਵੀ ਜਵਾਲਾਮੁਖੀ ਰਾਹੀਂ ਆਪਣਾ ਗੁੱਸਾ ਪ੍ਰਗਟ ਕਰਦੀ ਹੈ । ਪਾਣੀ ਵੀ ਕਈ ਰੂਪ ਧਾਰਨ ਕਰਕੇ

ਆਪਣੇ ਗੁੱਸਾ ਪ੍ਰਗਟ ਕਰਦਾ ਹੈ । ਬੱਦਲਾਂ ਦਾ ਫਟਣਾ, ਗੜੇ, ਬਰਫ ਡਿੱਗਣਾਂ ਤੇ ਫਿਰ ਵਿਕਰਾਲ ਰੂਪ ਧਾਰ ਕਰ ਕੇ ਧਰਤੀ ਤੇ ਤਬਾਹੀ ਬਣਕੇ ਟੁੱਟ ਪੈਣਾ, ਸੁਨਾਮੀ ਲਹਿਰਾਂ, ਉਤਰਾਖੰਡ ਤ੍ਰਾਸਦੀ ਆਦਿ ਇਸ ਦੇ ਉਦਾਹਰਣ ਹਨ । ਵਾਯੂਮੰਡਲ ਵਿਚ ਇਤਨਾ ਪ੍ਰਦੂਸ਼ਣ ਹੈ ਕਿ ਸਾਂਹ ਲੈਣ ਲਈ ਲੋੜੀਂਦੀ ਆਕਸੀਜਨ ਵੀ ਦੇਸ਼ ਦੀ ਰਾਜਧਾਨੀ ਵਿਚ ਇਸ ਵਕਤ ਨਹੀਂ ਹੈ ਅਤੇ ਇਹ ਦੀਵਾਲੀ ਜਿਹੇ ਤਿਉਹਾਰ ਨੂੰ ਮਨਾਉਣ ਤੋਂ ਬਾਅਦ ਵਾਪਰਿਆ ਹੈ । ਕਸੂਰ ਕਿਸਦਾ ਹੈ? ਮਨੁੱਖ ਦਾ । ਜਿਸਨੇ ਅੰਨ੍ਹੇਵਾਹ ਕਰੋੜਾਂ ਅਰਬਾਂ ਰੁਪਏ ਦੇ ਪਟਾਕੇ ਚਲਾਏ ਹਨ । ਪਟਾਕੇ ਨਹੀਂ ਬਲਕਿ ਅਰਬਾਂ ਰੁਪਏ ਨੂੰ ਸਿਧੇ ਤੌਰ ਤੇ ਅੱਗ ਲਗਾਈ ਹੈ ਤੇ ਹਵਾ, ਜੋ ਗੁਰੂ ਹੈ ਉਸ ਵਿਚ ਜ਼ਹਿਰ ਘੋਲ ਦਿੱਤਾ ਹੈ ਤੇ ਵਾਤਾਵਰਣ ਏਨਾ ਘਸਮੈਲਾ ਕਰ ਦਿੱਤਾ ਹੈ ਕਿ ਦੇਸ਼ ਦੀ ਰਾਜਧਾਨੀ, ਏਡੇ ਵੱਡੇ ਦੇਸ਼ ਦੀ ਰਾਜਧਾਨੀ ਵਿਚ ਸੂਰਜ ਦੇ ਦਰਸ਼ਨ ਦੁਹਲਤ ਹੋ ਗਏ ਹਨ, ਸਾਹ ਨਹੀਂ ਲਿਆ ਜਾ ਰਿਹਾ, ਸਕੂਲ ਕਾਲਜ ਬੰਦ ਹਨ । ਹਵਾ ਵਿਚ ਆਕਸੀਜਨ ਦੀ ਮਾਤਰਾ ਘੱਟ ਗਈ ਹੈ । ਹੁਣ ਦੋਸ਼ ਕਿਸਨੂੰ ਦਿਆਂਗੇ? ਕੁਦਰਤ ਨੂੰ? ਬਿਲਕੁਲ ਨਹੀਂ । ਕੁਦਰਤ ਦੇ ਵਸੀਲਿਆਂ ਦਾ ਤਾਂ ਅਸੀਂ ਬੁਰੀ ਤਰ੍ਹਾਂ ਘਾਣ ਕਰ ਦਿੱਤਾ ਹੈ, ਕਸੂਰ ਤਾਂ ਸਾਡਾ ਹੀ ਹੈ ।

ਦੂਜੇ ਪਾਸੇ ਖੇਤਾਂ ਵਿਚ ਪਰਾਲੀ ਦਾ ਸਾੜਨਾਂ ਵੀ ਇਸ ਮੁਸੀਬਤ ਦਾ ਇਕ ਹੋਰ ਕਾਰਨ ਹੈ । ਮਨੁੱਖ ਨੂੰ ਸਮਝ ਕਦੋਂ ਆਏਗੀ ।

ਖ਼ਾਕ ਨੂਰ ਕਰਦੰ ਆਲਮ ਦੁਨੀਆਇ ।

ਅਸਮਾਨ ਜਿਮੀਂ ਦਰਖ਼ਤ ਆਬ ਪੈਦਾਇਸ ਖ਼ੁਦਾਇ ।।

(ਤਿਲੰਗ ਮਹਲਾ 5)

ਆਦਿ ਗ੍ਰੰਥ - ਪੰਨਾ 823)

ਸ੍ਰੀ ਗੁਰੂ ਅਰਜਨ ਸਾਹਿਬ ਫੁਰਮਾਉਂਦੇ ਹਨ ਕਿ ਇਹ ਸਾਰੀ ਦੁਨੀਆਂ ਪੰਜ ਤੱਤਾਂ ਤੋਂ ਬਣੀ ਹੈ ਇਨ੍ਹਾਂ ਸਭ ਵਿਚ ਰਬ ਦੀ ਜੋਤ ਹੈ । ਆਕਾਸ਼, ਧਰਤੀ ਬਨਸਪਤੀ, ਪਾਣੀ ਸਭ ਉਸ ਦੇ ਹੀ ਬਣਾਏ ਹੋਏ ਹਨ । ਭਾਵ ਉਹ ਆਪ ਵੀ ਇਸ ਸਭ ਵਿਚ ਸੁਭਾਇਮਾਨ ਹੈ, ਵਸਦਾ ਹੈ ਤੇ ਫੇਰ ਅਸੀਂ ਕੁਦਰਤ ਤੇ ਉਸਦੇ ਸਰੋਤਾ ਦਾ ਘਾਣ ਕਰਕੇ ਕੀ ਪਰਮਾਤਮਾ ਦਾ ਨਿਰਾਦਰ ਨਹੀਂ ਕਰ ਰਹੇ? ਸੋਚਣ ਸਮਝਣ ਅਤੇ ਦ੍ਰਿੜਤਾ ਨਾਲ ਅਮਲ ਕਰਨ ਦੀ ਲੋੜ ਹੈ ਕਿ ਧਰਤੀ, ਪਾਣੀ, ਹਵਾ, ਬਨਸਪਤੀ ਸਭ ਕੁਦਰਤੀ ਸੁਗਾਤਾਂ ਨੂੰ ਕਿਵੇਂ ਸਾਂਭਣਾ ਹੈ ਕਿਤੇ ਕੁਦਰਤ ਦੇ ਇਹਨਾਂ ਅਨਮੋਲ ਤੋਹਫਿਆਂ ਨਾਲ ਖਿਲਵਾੜ ਨਹੀਂ ਕਰਨਾ । ਸਗੋਂ ਸੰਤੁਲਨ ਪੈਦਾ ਕਰਨਾ ਹੈ । ਅੱਜ ਜਦੋਂ ਕੁਦਰਤ ਕ੍ਰੋਧ ਵਿਚ ਹੈ ਤਾਂ ਅਸੀਂ ਕਾਨੂੰਨ ਬਣਾ ਕੇ ਨਦੀਆਂ ਨੂੰ ਤੇ ਜੰਗਲਾਂ ਨੂੰ ਬਚਾਉਣ ਦੀ ਗਲ ਕਰ ਰਹੇ ਹਾਂ । ਪਰ ਸਾਡੇ ਅੰਦਰੋਂ ਕੁਦਰਤ ਵਾਸਤੇ ਭਾਉ ਪੈਦਾ ਹੋਣਾ ਜਰੂਰੀ ਹੈ । ਤਾਂ ਹੀ ਅਸੀਂ ਪਵਨ ਅਤੇ ਪਾਣੀ ਦੇ ਸੁਧ ਰੂਪ ਦਾ ਅਨੰਦ ਮਾਣ ਸਕਾਂਗੇ ਅਤੇ ਧਰਤੀ ਵੀ ਆਪਣੇ ਨਿੱਘਰੇ ਹੋਏ ਰੂਪ ਵਿਚ ਨਹੀਂ, ਫਿਰ ਸੁੰਦਰ ਤੇ ਕੁਦਰਤੀ ਰੂਪ ਵਿਚ ਸਾਡੇ ਸਨਮੁਖ ਹੋਏਗੀ । ਆਉ ਯਤਨ ਕਰੀਏ ਤੇ ਇਮਾਨਦਾਰ ਯਤਨ ਕਰੀਏ ਕਿ ਇਸ ਸੰਸਾਰ ਦਾ ਰੂਪ ਸੰਵਾਰ ਸਕੀਏ ।

ਵਾਤਾਵਰਣ ਕਦੇ ਆਪ ਪਲੀਤ ਨਹੀਂ ਹੁੰਦਾ । ਕੁਝ ਕੁਦਰਤੀ ਸੋਮੇ ਕਾਲ ਦੀ ਗਤੀ ਦੇ ਚਲਦਿਆਂ ਖ਼ਤਮ ਹੁੰਦੇ ਹਨ । ਪਰ ਉਹ ਕਿਸੇ ਹੋਰ ਰੂਪ ਵਿਚ ਚੋਗਿਰਦੇ ਵਿਚ ਜ਼ਰੂਰ ਰਹਿੰਦੇ ਹਨ । ਵਾਤਾਵਰਣ ਦਾ ਵਿਨਾਸ਼ ਜਾਂ ਕੁਦਰਤੀ ਸੋਮਿਆਂ ਦਾ ਘਾਣ ਕੋਈ ਕੁਦਰਤੀ ਪ੍ਰਕ੍ਰਿਆ ਨਹੀਂ ਕਰਦੀ, ਸਗੋਂ ਇਹ ਸਾਡੇ ਅਜੋਕੇ ਵਿਕਾਸ ਤੇ ਆਰਥਿਕ ਗਤੀਵਿਧੀਆਂ ਦਾ ਹੀ ਭਿਆਨਕ ਸਿੱਟਾ ਹੈ । ਵਿਕਾਸ ਦਾ ਅਜੋਕਾ ਮੁਹਾਵਰਾ ਉਸ ਦੇ ਪਿੱਛੇ ਦੀ [illegible]

ਦਿਸ਼ਾ ਅਤੇ ਪ੍ਰਣਾਲੀਆਂ - ਸਾਰਾ ਕੁਝ ਕੁਦਰਤ ਵਿਰੋਧੀ ਹੈ। ਕਿਉਂ ਕਿ ਇਸ ਦਾ ਜਨਮ ਇਕ ਖਾਸ ਤਰ੍ਹਾਂ ਦੀ ਧਰਮ-ਵਿਹੂਣੀ ਆਰਥਿਕ ਤੇ ਸ਼ਾਸਨ ਪ੍ਰਣਾਲੀ ਵਿਚੋਂ ਹੋਇਆ ਹੈ । ਕੁਦਰਤ ਨੂੰ ਖ਼ਤਮ ਕਰਨ ਤੇ ਤੁਲਿਆ ਹੋਇਆ, ਸਾਡਾ ਅਜੋਕਾ ਵਿਕਾਸ ਇਕ ਸਮੂਹਿਕ ਲਾਲਸਾ, ਭੋਗ ਬਿਰਤੀ, ਕੁਦਰਤੀ ਸੋਮਿਆਂ ਤੇ ਕਬਜ਼ਾ ਕਰਨ ਦੀ ਵਿਵੇਕਹੀਣ ਜ਼ਿੱਦ ਅਤੇ ਖ਼ਪਤ ਨੂੰ ਵਧਾਉਣ ਵਾਲੀਆਂ ਗਤੀਵਿਧੀਆਂ ਵਿਚ ਸੰਲਿਪਤ ਹੈ ।

ਅਸੀ ਵਿਕਾਸ ਦੇ ਕੁਝ ਪੈਮਾਨੇ ਬਣਾਏ ਹਨ । ਪ੍ਰਤੀ ਵਿਅਕਤੀ ਆਮਦਨ, ਖਪਤ, ਨਿਵੇਸ਼ ਜਾਂ ਪ੍ਰਤੀ ਵਿਅਕਤੀ ਪਾਣੀ, ਸੜਕ, ਬਿਜਲੀ, ਮੋਟਰਾਂ, ਗੱਡੀਆਂ- ਇਨ੍ਹਾਂ ਆਂਕੜਿਆਂ ਨਾਲ ਅਸੀ ਵਿਕਾਸ ਨੂੰ ਮਾਪਦੇ ਹਾਂ । ਕਿੰਨੀਆਂ ਚਾਰ ਮਾਰਗੀ ਅਤੇ ਅੱਠ ਮਾਰਗੀ ਸੜ੍ਹਕਾਂ ਬਣੀਆਂ, ਕਿਨੇ ਫਲਾਈ ਓਵਰ ਬਣੇ, ਕਿੰਨੇ ਐਕਸਪ੍ਰੈਸ ਵੇਅ ਬਣੇ, ਕਿੰਨੇ ਪਾਵਰ ਪਲਾਂਟ ਲਗ ਗਏ, ਕਿੰਨੇ ਵੱਡੇ ਮਾਲਜ਼ ਬਣ ਗਏ - ਜੇ ਇਹ ਹੀ ਵਿਕਾਸ ਤੇ ਤਰੱਕੀ ਦਾ ਪੈਮਾਨਾ ਮੰਨਿਆ ਜਾਏਗਾ ਤੇ ਵਾਤਾਵਰਣ ਕਿਉਂ ਨਾ ਦੂਸ਼ਿਤ ਹੋਏਗਾ ।

ਲੋਕ ਚੀਜ਼ਾਂ ਦੀ ਘੱਟ ਖਪਤ ਕਰਨ, ਬੱਚਤ ਕਰਨ, ਸੰਜਮ ਵਿਚ ਰਹਿਣ, ਇਹ ਅਜੋਕੇ ਅਰਥ ਸ਼ਾਸਤਰ ਨੂੰ ਸਵੀਕਾਰ ਨਹੀਂ ਹੈ । ਕਰੁਣਾ, ਦਇਆ, ਨਿਆਂ, ਸੰਜਮ ਅਤੇ ਹਰ ਜੀਵ ਦੀ ਹੋਂਦ ਦਾ ਸਤਿਕਾਰ ਕਰਨਾ, ਸਾਡੀਆਂ ਵਿਕਾਸ ਯੋਜਨਾਵਾਂ ਵਿਚੋਂ ਮਨਫ਼ੀ ਹੈ । ਕਿਤੇ ਨਜ਼ਰ ਹੀ ਨਹੀਂ ਆਉਂਦਾ । ਕੇਵਲ ਅੰਧਾ ਧੁੰਦ ਵਿਕਾਸ, ਇਕ ਦੌੜ । ਜੇ ਵਿਕਾਸ ਨੂੰ ਸਿਰਫ਼ ਸੜਕਾਂ ਚੌੜਾ ਕਰਨ ਤੇ ਵੱਡੀਆਂ ਇਮਾਰਤਾਂ ਬਣਾਉਣ ਨਾਲ ਜੋੜ ਲਿਆ ਜਾਵੇਗਾ, ਤਾਂ ਫਿਰ ਰੁੱਖਾਂ ਦਾ ਉਜਾੜਾ ਤਾਂ ਹੋਣਾ ਹੀ ਹੈ । ਰੁੱਖ ਗਰਮੀਆਂ ਵਿਚ ਸਾਰੀ ਧੁੱਪ ਜਜ਼ਬ ਕਰਦੇ ਹਨ, ਠੰਡੀ ਛਾਂ ਦਿੰਦੇ ਹਨ, ਪ੍ਰਦੂਸ਼ਣ ਰੋਕਦੇ ਹਨ, ਸ਼ੁੱਧ ਹਵਾ ਦਿੰਦੇ ਹਨ, ਅੱਖਾਂ ਨੂੰ ਸੁਕੂਨ ਦਿੰਦੇ ਹਨ । ਸਾਨੂੰ ਸੁਹਜ, ਸਹਿਜ,

ਸਕੂਨ, ਸ਼ਾਂਤੀ ਤੇ ਚੰਗੀ ਸਿਹਤ ਰੁੱਖ ਹੀ ਪ੍ਰਦਾਨ ਕਰਦੇ ਹਨ । ਰੁੱਖ ਬੋਲਦੇ ਹਨ, ਬਸ ਅਨੁਭਵ ਕਰਨ ਦੀ ਲੋੜ ਗੁਰੂ ਰ ਸਾਹਿਬਾਨ ਨੇ ਕੁਦਰਤ ਦੀ ਖ਼ੂਬਸੂਰਤੀ ਦਾ ਵਰਨਣ ਆਪਣੀਆਂ ਰਚਨਾਵਾਂ ਵਿਚ ਕੀਤਾ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਬਾਰਹਮਾਹ ਵਿਚ ਫਰਮਾਉਂਦੇ ਹਨ -

**ਚੇਤ ਬਸੰਤ ਭਲਾ ਭਵਰ ਸੁਹਾਵੜੇ,,**

**ਬਨ ਫੂਲੇ ਮੰਝਿ ਬਾਰਿ, ਮੈ ਪਿਰੁ ਘਰੁ ਬਹੁੜੈ ।**

ਸ੍ਰੀ ਗੁਰੂ ਨਾਨਕ ਦੇਵ ਜੀ ਬਾਰਹ ਮਾਹ ਪੰਨਾ -

ਭਾਈ ਗੁਰਦਾਸ ਜੀ ਵੀ ਕੁਦਰਤ ਦੀ ਅਨੰਤਤਾ ਅਤੇ ਧਰਤੀ ਦੀ ਵਡਿਆਈ ਕਰਦੇ ਹੋਏ ਫਰਮਾਉਂਦੇ ਹਨ -

**ਸਭ ਤੋਂ ਨੀਵੀਂ ਧਰਤੀ ਹੋਇ,**

**ਦਰਗਹਿ ਅੰਦਰ ਮਿਲੀ ਵਡਿਆਈ**

ਭਾਈ ਗੁਰਦਾਸ

(ਵਾਰਾਂ ਭਾਈ ਗੁਰਦਾਸ)

ਸਾਨੂੰ ਇਹਨਾਂ ਨਿਆਮਤਾਂ - ਪਵਨ, ਪਾਣੀ, ਧਰਤੀ ਦਾ ਸਤਿਕਾਰ ਕਰਨ ਦੀ ਲੋੜ ਹੈ, ਨਾ ਕਿ ਇਸ ਨੂੰ ਪਲੀਤ ਕਰਨ ਦੀ ।

ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਵੀ ਫਰਮਾਉਂਦੇ ਹਨ -

**ਪਉਣ ਪਾਣੀ ਧਰਤੀ ਆਕਾਸ਼,**

**ਘਰ ਮੰਦਰ ਹਰਿ ਬਨੀ ।।**

**ਵਿਚਿ ਵਰਤੈ ਨਾਨਕ ਆਪਿ,**

**ਝੂਠ ਕਹੁ ਕਿਆ ਗਨੀ ।।**

ਤਿਲੰਗ ਮਹਲਾ 4 ਘਰ 2

ਸ੍ਰੀ ਗੁਰੂ ਗ੍ਰੰਥ ਸਾਹਿਬ (ਪੰਨਾ 823)

ਸ੍ਰੀ ਗੁਰੂ ਰਾਮਦਾਸ ਜੀ ਸ਼ਬਦ ਰਾਹੀਂ ਸਮਝਾ ਰਹੇ ਹਨ ਕਿ ਇਸ ਧਰਤੀ ਤੋਂ ਲੈ ਕੇ ਅਸਮਾਨ ਤਕ - ਹਵਾ, ਪਾਣੀ ਸਮੇਤ-ਸਭ ਉਸ ਹਰੀ ਪਰਮਾਤਮਾ ਦਾ ਘਰ ਹੈ, ਜਿਸ ਵਿਚ ਉਹ ਆਪ ਵਸਦਾ ਹੈ । ਅਦ੍ਰਿਸ਼ਟ ਹੈ, ਪਰ ਫਿਰ ਵੀ ਸਭ ਕੁਝ ਉਹਦੇ ਹੁਕਮ ਵਿਚ ਹੈ ।

ਸਾਡੇ ਲੋਕ ਗੀਤਾਂ ਵਿਚ ਕੁਦਰਤ ਦੀ ਖੂਬਸੂਰਤੀ ਦਾ ਵਰਨਣ ਮਿਲਦਾ ਹੈ । ਖਾਸ ਕਰ ਖਿਰਖਾਂ ਦੀ ਮਨੁੱਖ ਨੂੰ ਦੇਣ ਅਤੇ ਬਿਰਖਾਂ ਦਾ ਮਨੁੱਖ ਲਈ ਮਹੱਤਵ । ਜਿਵੇਂ ਕਿ ਦਰਖ਼ਤਾਂ ਦੀ ਠੰਡੀ ਛਾਂ ਅਤੇ ਜੀਵਨ ਦੇਣ ਵਾਲੀ ਆਕਸੀਜਨ ਸਾਡੇ ਪੇਂਡੂ ਜੀਵਨ ਵਿਚ ਦਰਖ਼ਤਾਂ ਨੂੰ ਖ਼ਾਸ ਮੱਹਤਵ ਪ੍ਰਾਪਤ ਹੈ । ਪੁਰਾਤਨ ਜੀਵਨ ਜਾਂਚ ਵਿਚ ਦਰਖ਼ਤਾਂ ਹੇਠ ਬੈਠਕੇ ਹੀ ਪੰਚਾਇਤਾਂ ਜੁੜਦੀਆਂ ਸਨ, ਬਜ਼ੁਰਗ ਬੈਠਦੇ ਸਨ, ਤ੍ਰਿੰਜਣਾਂ ਦੀਆਂ ਕੁੜੀਆਂ ਚੱਰਖੇ ਕੱਤਦੀਆਂ ਸਨ ਤੇ ਸਭ ਤੋਂ ਵੱਧ ਪੀਘਾਂ ਪੈਂਦੀਆਂ ਸਨ-

**ਥੜਿਆਂ ਬਾਝ ਨਾ ਸੋਂਹਦੇ ਪਿੱਪਲ,**
**ਫੁੱਲਾਂ ਬਾਝ ਫਲਾਹੀਆਂ ।**
**ਧੰਨ ਭਾਗ ਮੇਰੇ ਪਿੱਪਲ ਆਖੇ,**
**ਕੁੜੀਆਂ ਨੇ ਪੀਘਾਂ ਪਾਈਆਂ ।**

(ਲੋਕ ਕਾਵਿ)

ਰੁੱਖ, ਜੰਗਲ, ਨਦੀਆਂ, ਤਲਾਅ, ਪਹਾੜ ਸਭ ਕੁਝ ਮਨੁੱਖ ਦੀ ਲਾਲਸਾ ਨੂੰ, ਉਸਦੀ ਵਿਕਾਸ ਦੀ ਚਾਹ ਨੂੰ ਪੂਰਾ ਕਰਨ ਲਈ ਖ਼ਤਮ ਕੀਤੇ ਜਾ ਰਹੇ ਹਨ । ਸਾਡੀਆਂ ਤ੍ਰਿਸ਼ਨਾਵਾਂ ਅਤੇ ਭੋਗਾਂ ਦਾ ਕੋਈ ਅੰਤ ਹੀ ਨਹੀਂ । ਅਸੀਂ ਕਦੋਂ ਰੁਕਾਂਗੇ? ਆਉਣ ਵਾਲੀਆਂ ਨਸਲਾਂ ਨੂੰ ਰੋਗੀ ਬਣਾਕੇ ?

ਸ੍ਰੀ ਕ੍ਰਿਸ਼ਨ ਜੀ ਨੇ ਵੀ ਗੀਤਾ ਰਾਹੀਂ ਉਪਦੇਸ਼ ਦਿੱਤਾ ਹੈ ਕਿ ਜਿਹ ਜਿਹੇ ਇਨਸਾਨ ਕਰਮ ਕਰੇਗਾ, ਉਹੋ ਜਿਹਾ ਫ਼ਲ ਪ੍ਰਾਪਤ ਕਰੇਗਾ ।

ਦੌਂਦਾ ਦੋਸ਼ ਨਾ ਦੀਜੈ ਕਾਹੂ,

ਦੋਸ਼ ਕਰਮਾ ਆਪਣਿਆ ।।

ਮਨੁੱਖ ਆਪ ਆਪਣੇ ਪੈਰ ਤੇ ਕੁਹਾੜਾ ਮਾਰ ਰਿਹਾ ਹੈ । ਥਾਂ-ਥਾਂ ਪ੍ਰਦੂਸ਼ਣ ਫੈਲਾਅ ਕੇ । ਧਰਤੀ ਦੀ ਗੋਦ ਵਿਚ ਜੋ ਪਾਣੀ ਔਖੇ ਸਮੇਂ ਤੇ ਕੰਮ ਆਉਣ ਲਈ ਜਮ੍ਹਾਂ ਸੀ, ਉਸਨੂੰ ਇਸਨੇ ਖ਼ਤਮ ਕਰ ਦਿੱਤਾ ਹੈ, ਟੋਭੇ, ਤਲਾਅ ਸਭ ਗੰਦੇ ਕਰ ਦਿੱਤੇ ਹਨ ਜਾਂ ਖ਼ਤਮ ਕਰ ਦਿੱਤੇ ਹਨ । ਗੰਗਾ ਜਿਹੀਆਂ ਪਵਿੱਤਰ ਨਦੀਆਂ ਨੂੰ ਵੀ ਮਨੁੱਖ ਨੇ ਬੁਰੀ ਤਰ੍ਹਾਂ ਪ੍ਰਦੂਸ਼ਿਤ ਕਰ ਦਿੱਤਾ ਹੈ । ਦੀਵਾਲੀ ਅਤੇ ਹੋਲੀ ਜਿਹੇ ਤਿਉਹਾਰਾਂ ਤੇ ਵੀ ਮਨੁੱਖ ਪ੍ਰਦੂਸ਼ਣ ਫੈਲਾਅ ਰਿਹਾ ਹੈ । ਤਪਸ਼ ਤੇ ਗਰਮੀ ਬਹੁਤ ਵਧ ਗਈ ਹੈ, ਜਿਸ ਨੂੰ Global Warming ਦਾ ਨਾਮ ਦਿੱਤਾ ਗਿਆ ਹੈ । ਭਾਂਤ ਭਾਂਤ ਦੀਆਂ ਬੀਮਾਰੀਆਂ ਦਾ ਜਨਮ ਹੋ ਰਿਹਾ ਹੈ । ਇਹ ਸਭ ਇਨਸਾਨ ਦੀਆਂ ਆਪਣੀਆਂ ਗਲਤੀਆਂ ਦਾ ਹੀ ਸਿੱਟਾ ਹੈ। ਕਾਸ਼ ਕਿ ਮਨੁੱਖ ਇਹਨਾਂ ਨੂੰ ਪਹਿਲਾਂ ਹੀ ਤਵੱਜੋ ਦੇ ਦਿੰਦਾ, ਜੇ ਪਹਿਲਾਂ ਨਹੀਂ ਦਿੱਤੀ ਤਾਂ ਘੱਟੋ ਘੱਟ ਹੁਣ ਤਾਂ ਵਾਤਾਵਰਣ ਤਵੱਜੋ ਦੀ ਮੰਗ ਕਰਦਾ ਹੈ । ਨਹੀਂ ਤੇ ਆਉਣ ਵਾਲੀਆਂ ਪੀੜੀਆਂ ਨੇ ਸਾਨੂੰ ਹੀ ਦੋਸ਼ ਦੇਣਾ ਹੈ । ਆਉਣ ਵਾਲੀਆਂ ਪੀੜ੍ਹੀਆਂ ਲਈ ਕੁਦਰਤੀ ਸੋਮਿਆਂ ਨੂੰ ਬਚਾਉਣ ਵਕਤ ਦੀ ਮੁੱਖ ਲੋੜ ਹੈ । ਅਸੀਂ ਸਭ ਕੁਝ ਸਮਝਦੇ ਹੋਏ ਵੀ 'ਸਾਨੂੰ ਕੀ' ਕਹਿ ਕੇ ਇਸ ਲੋੜ ਨੂੰ ਟਾਲਦੇ ਹਾਂ ਤੇ ਇਸ ਬਾਰੇ ਗੰਭੀਰਤਾ ਨਾਲ ਕੁਝ ਕਰਨ ਤੋਂ ਬੱਚਦੇ ਹਾਂ । ਇਹ ਬਹੁਤ ਹੀ ਗੰਭੀਰ ਸਮੱਸਿਆ ਹੈ। ਆਉ ਕੁਝ ਸੋਚੀਏ ਤੇ ਫਿਰ ਅਮਲੀ ਰੂਪ ਵਿਚ ਕੁਝ ਕਰੀਏ ਕਿ ਧਰਤੀ, ਹਵਾ ਤੇ ਪਾਣੀ ਨੂੰ ਫਿਰ ਤੋਂ ਨਿਰਮਲ ਤੇ ਸਵੱਛ ਬਣਾ ਸਕੀਏ ।

## ਸਹਾਇਕ ਪੁਸਤਕ ਸੂਚੀ


1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਗੁਰੂ ਨਾਨਕ ਦੇਵ ਜੀ, ਪੰਨਾ 469
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਗੁਰੂ ਨਾਨਕ ਦੇਵ ਜੀ, ਪੰਨਾ 7
3. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਪੰਨਾ 823
4. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਬਾਰਹ ਮਾਹ) ਸ੍ਰੀ ਗੁਰੂ ਨਾਨਕ ਦੇਵ ਜੀ
5. ਭਾਈ ਗੁਰਦਾਸ, ਵਾਰਾਂ ਭਾਈ ਗੁਰਦਾਸ ਜੀ
6. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਗੁਰੂ ਰਾਮਦਾਸ ਜੀ, ਪੰਨਾ 823
7. ਲੋਕ ਕਾਵਿ